a2zpapers.com

# A–924

Roll No..................

Total No. of Questions–8] [Total No. of Printed Pages–4

**Copyright Reserved** **A–924–X–2317**

# PUNJABI

Time allowed : 3 hours] [Maximum marks : 85

ਜਿੱਥੇ ਤਕ ਸੰਭਵ ਹੋਵੇ ਪਰੀਖਿਆਰਥੀ ਆਪਣੇ

ਸ਼ਬਦਾਂ ਵਿੱਚ ਹੀ ਉੱਤਰ ਦੇਣ ।

ਹਰ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਦਿੱਤੇ ਗਏ ਹਨ ।

ਨੋਟ : *(i)* ਸਾਰੇ ਪ੍ਰਸ਼ਨ ਜ਼ਰੂਰੀ ਹਨ ।

*(ii)* ਪ੍ਰਸ਼ਨ ਨੰ. ਅੱਠ ਦੇ ਸਾਰੇ ਭਾਗ ਜ਼ਰੂਰੀ ਹਨ ।

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ -

ਬੱਚੇ ਵਿਲਕਣ ਨਾਰੀ ਨੰਗੀ, ਆਪਣਾ ਖੀਸਾ ਖਾਲੀ ।
ਝੱਸ ਸੁਗਬੀ ਪੂਰਾ ਕਰਦਾ ਦੇ ਕੇ ਛੰਨਾ ਖਾਲੀ ।
ਦਿਲ ਧੜਕੇ ਹੱਥ ਪੈਰ ਕੰਬਦੇ ਚਿਹਰੇ ਤੇ ਫਿਟਕਾਰਾਂ,
ਸੱਜਣ ਮਿੱਤਰ ਮੂੰਹ ਨਾ ਲਾਉਣ ਜੋ ਮੂੰਹ ਲਾਏ ਪਿਆਲੀ ।

ਜਾਂ

ਬਰਫੀਂ ਟਿਲਿਓਂ ਲੱਥਿਆ ।
ਨਾਲਿਅ ਉਤਰੀਂ ਧੀਰਜ ਨਾਲ ।
ਕਾਹਲੀ ਅੱਗੇ ਟੋਏ ਕਹਿੰਦੇ,
ਰੱਖ ਮਸਤਾਨੀ ਚਾਲ । 10



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

2. 'ਬੇਬੇ ਰਾਮ ਭਜਨੀ' ਇਕਾਂਗੀ' ਦੇ ਪਾਤਰ ਸ਼ਾਮ ਦਾਸ ਦਾ ਚਰਿੱਤਰ ਚਿਤਰਨ ਕਰੋ ।

ਜਾਂ

ਸ੍ਰੀ ਰੇਣਕੂ ਜੀ ਝੀਲ ਦਾ ਨਜ਼ਾਰਾ ਆਪਣੇ ਸ਼ਬਦਾਂ ਵਿੱਚ ਲਿਖੋ । 12

3. ਕਿਸੇ ਇੱਕ ਪਾਠ ਦਾ ਸਾਰ ਲਿਖੋ-

ਛੋਟੀਆਂ ਗੱਲਾਂ, ਪਹੁਤਾ ਪਾਂਧੀ । 12

4. ਮੁਰਕੀ ਦਾ ਆਪਣੀ ਕੋਠੜੀ ਨਾਲ ਇੰਨਾ ਮੋਹ ਕਿਉਂ ਸੀ ?

ਜਾਂ

ਤੁਹਾਡੇ ਵਿਚਾਰ ਅਨੁਸਾਰ ਜੀਤੀ ਨੂੰ ਕੀ ਕਰਨਾ ਚਾਹੀਦਾ ਸੀ ? 6

5. ਹੇਠ ਦਿੱਤੇ ਵਿਸ਼ਿਆਂ ਵਿੱਚੋਂ ਇੱਕ ਵਿਸ਼ੇ ਤੇ ਲੇਖ ਲਿਖੋ :

(i) ਹਿਮਾਚਲ ਦੇ ਮੇਲੇ

(ii) ਸ੍ਰੀ ਗੁਰੂ ਨਾਨਕ ਦੇਵ ਜੀ

(iii) ਚੰਗੀਆਂ ਆਦਤਾਂ

(iv) ਬੇਰੋਜ਼ਗਾਰੀ ਦੀ ਸਮੱਸਿਆ । 15

6. ਹੇਠ ਦਿੱਤੇ ਸਿੱਟਿਆਂ ਵਿੱਚੋਂ ਇੱਕ ਸਿੱਟੇ ਦੇ ਅਧਾਰ ਤੇ ਕਹਾਣੀ ਲਿਖੋ :

(i) ਕਰ ਭਲਾ ਹੋ ਭਲਾ

ਜਾਂ

(ii) ਮਿੱਤਰ ਉਹ ਜੋ ਮੁਸੀਬਤ ਵੇਲੇ ਕੰਮ ਆਏ । 8



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

7. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ (ਪ੍ਰੈਸੀ) ਕਰੋ :

ਅਹਿੰਸਾ ਦਾ ਤੱਤ ਬੜਾ ਡੂੰਘਾ ਹੈ । ਇਸ ਨੂੰ ਜ਼ਿੰਦਗੀ ਵਿੱਚ ਉਤਾਰਨਾ ਬੜਾ ਹੀ ਔਖਾ ਹੈ । ਇਸਨੂੰ ਠੀਕ ਸਮਝਣ ਦੇ ਕਾਰਨ ਹੀ ਲੋਕ ਇਸ ਦੀ ਸ਼ਕਤੀ ਤੇ ਮਰਯਾਦਾ ਦਾ ਹਾਸਾ ਉਡਾਂਉਂਦੇ ਹਨ । ਇਸ ਬਾਰੇ ਵਿਚਾਰ ਕਰਨ ਵੇਲੇ ਪਹਿਲੀ ਗੱਲ ਇਹ ਮੰਨ ਲੈਂਣੀ ਚਾਹੀਦੀ ਹੈ ਕਿ ਹਿੰਸਾ ਵਿੱਚ ਕਾਇਰਤਾ ਹੈ, ਅਹਿੰਸਾ ਵਿੱਚ ਨਹੀਂ । ਜਿੱਥੇ ਕਾਇਰਤਾ ਆ ਗਈ, ਉੱਥੇ ਅਹਿੰਸਾ ਰਹਿ ਨਹੀਂ ਸਕਦੀ । ਅਸੀਂ ਜੇ ਆਪਣੇ ਵਿਰੋਧੀ ਕੋਲੋਂ ਡਰਦੇ ਹਾਂ ਅਤੇ ਉਸ ਡਰੋਂ ਉਸ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੇ ਤਾਂ ਇਸ ਵਿੱਚ ਅਹਿੰਸਾ ਕਿਵੇਂ ਹੋ ਸਕਦੀ ਹੈ ? ਵਿਰੋਧੀ ਨੂੰ ਨੁਕਸਾਨ ਪਹੁੰਚਾਣ ਦੀ ਰੁਚੀ ਡਰ ਦੇ ਕਾਰਨ ਹੈ ਨਾ ਕਿ ਇਸ ਲਈ ਕਿ ਨੁਕਸਾਨ ਪਹੁੰਚਾਣਾ ਮਾੜਾ ਹੈ ਜੇ ਮਨੁੱਖ ਡਰ ਦੇ ਕਾਰਨ ਨੁਕਸਾਨ ਨਹੀਂ ਪਹੁੰਚਾਉਂਦਾ ਉਸ ਨੂੰ ਅੱਜ ਜੇ ਮੌਕਾ ਮਿਲ ਜਾਏ ਤਾਂ ਕਿਸੇ ਦੂਜੇ ਦੇ ਬਲ ਦਾ ਸਹਾਰਾ ਵੀ ਮਿਲ ਜਾਏ ਅਤੇ ਉਸ ਦਾ ਡਰ ਦੂਰ ਹੋ ਜਾਏ ਤਾਂ ਉਹ ਨਿਰਸੰਕੋਚ ਅਤੇ ਬਿਨਾਂ ਦੇਰੀ ਤੋਂ ਵਿਰੋਧੀ ਉੱਤੇ ਵਾਰ ਕਰ ਦਵੇਗਾ ਇਹ ਅਹਿੰਸਾ ਕਦੇ ਨਹੀਂ । ਅਹਿੰਸਾ ਉਸ ਵਿੱਚ ਰਹਿ ਸਕਦੀ ਹੈ ਜੋ ਇਹ ਮਹਿਸੂਸ ਕਰਦਾ ਹੈ ਕਿ ਨੁਕਸਾਨ ਪਹੁੰਚਾਣਾ ਮਾੜਾ ਹੈ । ਦੂਸਰੇ ਨੂੰ ਦੁੱਖ ਦੇਣਾ ਅਨਿਆਂ ਹੈ ਤੇ ਇਸ ਵਿਸ਼ਵਾਸ਼ ਨਾਲ਼ ਉਹ ਕਿਸੇ ਦਾ ਮਾੜਾ ਚਿਤਵਨ ਤੋਂ ਹਿਚਕਚਾਉਂਦਾ ਹੈ । 8

8. (ੳ) ਹੇਠ ਲਿਖੇ ਅਗੇਤਰਾਂ ਵਿੱਚੋਂ ਕੋਈ ਤਿੰਨ ਅਗੇਤਰਾਂ ਨਾਲ਼ ਬਣਦਾ ਇੱਕ-ਇੱਕ ਸ਼ਬਦ ਲਿਖੋ :

ਜਿਵੇਂ : ਕਮ - (ਕਮਜ਼ੋਰ)

ਅਣ, ਨਾ, ਪਰ, ਸਹਿ, ਨਿਰ ਬਦ 1½



a2zpapers.com
www.a2zpapers.com
We provide GNDU question papers, PTU question papers, PU question papers,

a2zpapers.com

(ਅ) ਹੇਠ ਲਿਖੇ ਪਿਛੇਤਰਾਂ ਵਿੱਚੋਂ ਕੋਈ ਤਿੰਨ ਪਿਛੇਤਰਾਂ ਨਾਲ਼ ਬਣਦਾ ਇੱਕ-ਇੱਕ ਸ਼ਬਦ ਲਿਖੋ :

ਜਿਵੇਂ : (ਕਾਰ-ਚਿੱਤਰਕਾਰ)

ਸ਼ਾਲਾ, ਹੀਣ, ਅਲ, ਦਾਰ, ਮੰਦ, ਵਟ 1½

(ੲ) ਹੇਠ ਲਿਖੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :

ਜੋ ਰੱਬ ਨੂੰ ਨਾ ਮੰਨੇ । 2

(ਸ) ਹੇਠ ਲਿਖੇ ਵਾਕ ਨੂੰ ਸ਼ੁੱਧ ਕਰਕੇ ਲਿਖੋ :

ਰਾਜੂ ਨੇ ਪਾਣੀ ਗੇੜ ਕੇ ਨਲਕਾ ਕੱਢਿਆ । 4

(ਹ) ਹੇਠ ਲਿਖੇ ਸ਼ਬਦ ਜੋੜਿਆਂ ਵਿੱਚੋਂ ਕਿਸੇ ਇੱਕ ਜੋੜੇ ਦੇ ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਨ੍ਹਾਂ ਦੇ ਅਰਥ ਸਪਸ਼ਟ ਹੋ ਜਾਣ ।

ਸਦਾ – ਸੱਦਾ

ਸਜਾ – ਸੱਜਾ

ਪਤੀ – ਪੱਤੀ । 5



a2zpapers.com
www.a2zpapers.com
We provide GNDU question papers, PTU question papers, PU question papers,
a2zpapers.com